ਲੋਕ ਏਕਤਾ ਜਿੰਦਾਬਾਦ ! 'ਕਾਲ਼ਾ ਕਨੂੰਨ ਵਿਰੋਧੀ ਸਾਂਝਾ ਮੋਰਚਾ' ਜਿੰਦਾਬਾਦ ! ਕਾਲ਼ਾ ਕਨੂੰਨ ਰੱਦ ਕਰੋ !

# ਲੋਕਾਂ ਦੀ ਹੱਕ, ਸੱਚ ਤੇ ਇਨਸਾਫ਼ ਦੀ ਅਵਾਜ਼ ਕੁਚਲਣ ਦੇ ਪੰਜਾਬ ਸਰਕਾਰ ਦੇ ਨਾਪਾਕ ਇਰਾਦੇ ਅਸਫ਼ਲ ਕਰੋ !

*ਕਾਲ਼ਾ ਕਨੂੰਨ 'ਪੰਜਾਬ (ਜਨਤਕ ਅਤੇ ਨਿੱਜੀ ਜਾਇਦਾਦ ਨੁਕਸਾਨ ਰੋਕਥਾਮ) ਬਿਲ' ਰੱਦ ਕਰਾਉਣ ਲਈ ਵਿਸ਼ਾਲ ਗਿਣਤੀ ਵਿੱਚ ਅੱਗੇ ਆਓ, ਜੁਝਾਰੂ ਲੋਕ ਲਹਿਰ ਖੜ੍ਹੀ ਕਰੋ!*

## 11 ਅਗਸਤ 2014, ਦਿਨ ਸੋਮਵਾਰ, ਸਵੇਰੇ 11 ਵਜੇ ਆਪਣੇ ਜਿਲ੍ਹੇ ਦੇ ਡੀ.ਸੀ. ਦਫਤਰ 'ਤੇ ਜ਼ੋਰਦਾਰ ਧਰਨੇ-ਰੋਹ ਮੁਜ਼ਾਹਰੇ ਵਿੱਚ ਪੁੱਜੋ !

ਪੰਜਾਬ ਸਰਕਾਰ ਨੇ ਇੱਕ ਬੇਹੱਦ ਲੋਕ ਵਿਰੋਧੀ ਕਾਲ਼ਾ ਕਨੂੰਨ ਪਾਸ ਕੀਤਾ ਹੈ। ਸਰਕਾਰ ਦਾ ਇਰਾਦਾ ਲੋਕਾਂ ਦੇ ਹੱਕ, ਸੱਚ, ਇਨਸਾਫ਼ ਲਈ ਇਕਮੁੱਠ ਘੋਲ਼ ਨੂੰ ਕੁਚਲਣਾ ਹੈ। 'ਪੰਜਾਬ (ਜਨਤਕ ਅਤੇ ਨਿੱਜੀ ਜਾਇਦਾਦ ਨੁਕਸਾਨ ਰੋਕਥਾਮ) ਬਿਲ-2104' ਨਾਂ ਦਾ ਇਹ ਕਨੂੰਨ ਜੇਕਰ ਪੰਜਾਬ ਵਿੱਚ ਲਾਗੂ ਹੋ ਜਾਂਦਾ ਹੈ ਤਾਂ ਲੋਕਾਂ ਨੂੰ ਧਨਾਢਾਂ ਦੀਆਂ ਸਰਕਾਰਾਂ ਵੱਲੋਂ ਹੱਦੋਂ ਜ਼ਿਆਦਾ ਜ਼ੁਲਮ-ਜ਼ਬਰ ਦਾ ਸਾਹਮਣਾ ਕਰਨਾ ਪਵੇਗਾ। ਅਸੀਂ ਸਾਰੇ ਜਾਣਦੇ ਹਾਂ ਕਿ ਜਦੋਂ ਲੋਕ ਆਪਣੇ ਜਾਇਜ ਹੱਕਾਂ ਲਈ ਇਕਮੁੱਠ ਹੋ ਕੇ ਘੋਲ਼ ਕਰਦੇ ਹਨ ਤਾਂ ਸਰਮਾਏਦਾਰ, ਸਰਕਾਰਾਂ, ਪੁਲਸ, ਪ੍ਰਸ਼ਾਸਨ, ਅਫ਼ਸਰ, ਗੁੰਡੇ ਆਦਿ ਲੋਕ ਘੋਲ਼ ਨੂੰ ਕੁਚਲਣ ਦੀਆਂ ਸਾਜਿਸ਼ਾਂ ਰਚਦੇ ਹਨ। ਜਾਇਜ਼ ਮਸਲਿਆਂ 'ਤੇ ਹੋਣ ਵਾਲ਼ੇ ਧਰਨੇ, ਮੁਜ਼ਾਹਰੇ, ਜਲੂਸ, ਰੈਲੀ, ਹੜਤਾਲ ਆਦਿ ਨੂੰ ਅਸਫ਼ਲ ਕਰਨ ਲਈ ਇਹਨਾਂ ਵੱਲੋਂ ਭੰਨ-ਤੋੜ, ਸਾੜ-ਫੂਕ ਆਦਿ ਕਾਰਵਾਈਆਂ ਕਰਵਾਈਆਂ ਜਾਂਦੀਆਂ ਹਨ ਅਤੇ ਦੋਸ਼ ਘੋਲ਼ ਕਰ ਰਹੇ ਲੋਕਾਂ 'ਤੇ ਹੀ ਲਗਾ ਦਿੱਤਾ ਜਾਂਦਾ ਹੈ। ਹੁਣ ਇਸ ਕਨੂੰਨ ਜ਼ਰੀਏ ਸਰਕਾਰ ਸਰਕਾਰੀ ਅਤੇ ਨਿੱਜੀ ਜਾਇਦਾਦ ਦੇ ਹਰ ਤਰ੍ਹਾਂ ਦੇ ਨੁਕਸਾਨ ਦਾ ਬਹਾਨਾ ਬਣਾ ਕੇ ਸੰਘਰਸ਼ਸ਼ੀਲ ਲੋਕਾਂ ਨੂੰ ਪੰਜ ਸਾਲ ਤੱਕ ਦੀ ਜੇਲ੍ਹ, ਤਿੰਨ ਲੱਖ ਰੁਪਏ ਦੇ ਜ਼ੁਰਮਾਨੇ ਅਤੇ ਨੁਕਸਾਨ ਪੂਰਤੀ ਕਰਨ ਦੀਆਂ ਸਖਤ ਸਜ਼ਾਵਾਂ ਦੇਣ ਦੀ ਸਾਜਿਸ਼ ਰਚ ਰਹੀ ਹੈ। ਇਸ ਕਨੂੰਨ ਤਹਿਤ 'ਅਪਰਾਧ' ਗੈਰ-ਜਮਾਨਤੀ ਹੋਵੇਗਾ। ਸਿਰਫ਼ ਭੰਨ ਤੋੜ ਹੀ ਨਹੀਂ ਸਗੋਂ ਕਿਸੇ ਵੀ ਪ੍ਰਕਾਰ ਦੇ ਨੁਕਸਾਨ ਲਈ ਇਹ ਸਜਾਵਾਂ ਭੁਗਤਣੀਆਂ ਪੈਣਗੀਆਂ। ਜਿਵੇਂ ਹੜਤਾਲ, ਰੈਲੀ, ਮੁਜ਼ਾਹਰੇ ਆਦਿ ਨਾਲ਼ ਕਾਰਖਾਨਾ ਮਾਲਕ, ਟਰਾਂਸਪੋਰਟਰ, ਆਦਿ ਨੂੰ ਘਾਟਾ ਪੈਣ ਨੂੰ ਵੀ ਇਸ ਕਨੂੰਨ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ ਅਤੇ ਦੋਸ਼ੀਆਂ ਨੂੰ ਉਪਰੋਕਤ ਸਖਤ ਸਜ਼ਾਵਾਂ ਦਾ ਪ੍ਰਬੰਧ ਕੀਤਾ ਗਿਆ ਹੈ। ਮਜ਼ਦੂਰਾਂ ਦੀ ਹੜਤਾਲ ਤਾਂ ਅਸਿੱਧੇ ਢੰਗ ਨਾਲ਼ ਪੂਰੀ ਤਰ੍ਹਾਂ ਗੈਰਕਨੂੰਨੀ ਕਰ ਦਿੱਤੀ ਗਈ ਹੈ ਕਿਉਂਕਿ ਮਜ਼ਦੂਰ ਕੰਮ ਠੱਪ ਕਰਨਗੇ ਤਾਂ ਮਾਲਕ ਨੂੰ ਘਾਟਾ ਤਾਂ ਪਏਗਾ ਹੀ !

ਅੱਜ ਸਾਰੇ ਕਿਰਤੀ ਲੋਕਾਂ ਦੀਆਂ ਹਾਲਤਾਂ ਬਹੁਤ ਬੁਰੀਆਂ ਹਨ। ਮਹਿੰਗਾਈ ਵਧਦੀ ਜਾਂਦੀ ਹੈ, ਆਮਦਨ ਵੱਧਦੀ ਨਹੀਂ। ਸਰਕਾਰੀ ਹਸਪਤਾਲ, ਸਕੂਲ, ਰੇਲਵੇ, ਬਸ ਟਰਾਂਸਪੋਰਟ, ਸਰਕਾਰੀ ਕਾਰਖਾਨੇ, ਆਦਿ ਸਭ ਸਰਮਾਏਦਾਰਾਂ ਨੂੰ ਕੌਡੀਆਂ ਦੇ ਭਾਅ ਦਿੱਤੇ ਜਾ ਰਹੇ ਹਨ। ਲੋਕਾਂ ਨੂੰ ਮੁਨਾਫ਼ੇ ਦੇ ਭੁੱਖੇ ਬਘਿਆੜਾਂ ਅੱਗੇ ਪਰੋਸਿਆ ਜਾ ਰਿਹਾ ਹੈ। ਕਾਰਖਾਨਿਆਂ, ਭੱਠਿਆਂ ਅਤੇ ਹੋਰਨਾਂ ਕੰਮ ਦੀਆਂ ਥਾਵਾਂ 'ਤੇ ਸਰਮਾਏਦਾਰਾਂ ਦਾ ਜੰਗਲ ਰਾਜ ਹੈ। ਮਜ਼ਦੂਰਾਂ ਨੂੰ ਹਰ ਸਮੇਂ ਭਿਅੰਕਰ ਰੂਪ ਵਿੱਚ ਦਬਾ ਕੇ ਰੱਖਿਆ ਜਾਂਦਾ ਹੈ। ਕਿਰਤ ਕਨੂੰਨ ਤਾਂ ਪਹਿਲਾਂ ਹੀ ਲਾਗੂ ਨਹੀਂ ਹੁੰਦੇ, ਉਪਰੋਂ ਸਰਕਾਰ ਕਿਰਤ ਕਨੂੰਨਾਂ ਵਿੱਚ ਮਜ਼ਦੂਰ ਵਿਰੋਧੀ ਸੋਧਾਂ ਕਰ ਰਹੀ ਹੈ। ਸਾਰੇ ਗਰੀਬ ਕਿਰਤੀ ਲੋਕਾਂ ਨੂੰ ਸਰਮਾਏਦਾਰ ਅਤੇ ਸਰਕਾਰੀ ਢਾਂਚੇ ਦਾ ਲੁਟੇਰਾ ਗਠਜੋੜ ਬਰਬਰ ਢੰਗ ਨਾਲ਼ ਕੁਚਲਣ 'ਚ ਲੱਗਿਆ ਹੋਇਆ ਹੈ। ਸਰਮਾਏਦਾਰਾਂ ਦੇ ਮੁਨਾਫ਼ੇ ਦੀ ਹਵਸ ਕਾਰਨ ਮਹਿੰਗਾਈ ਤੇਜ਼ੀ ਨਾਲ਼ ਵੱਧ ਰਹੀ ਹੈ। ਬੇਰੁਜ਼ਗਾਰੀ ਪਹਿਲਾਂ ਦੇ ਸਾਰੇ ਰਿਕਾਰਡ ਤੋੜ ਰਹੀ ਹੈ। ਔਰਤਾਂ 'ਤੇ ਜ਼ੁਲਮ ਰੁਕਣ ਦਾ ਨਾਂ ਨਹੀਂ ਲੈ ਰਹੇ। ਇਨ੍ਹਾਂ ਹਾਲਤਾਂ ਵਿੱਚ ਲੋਕ ਜੇਕਰ ਇੱਕਮੁੱਠ ਘੋਲ਼ ਦੇ ਰਾਹ ਪੈ ਕੇ ਸੜਕਾਂ 'ਤੇ ਨਹੀਂ ਉਤਰਨਗੇ ਤਾਂ ਹੋਰ ਕੀ ਕਰਨਗੇ ? ਮਜ਼ਦੂਰ ਹੜਤਾਲਾਂ ਕਿਉਂ ਨਹੀਂ ਕਰਨਗੇ ? ਲੋਕਾਂ ਨੂੰ ਹੜਤਾਲਾਂ, ਧਰਨੇ, ਮੁਜ਼ਾਹਰੇ, ਰੈਲੀਆਂ, ਜਲੂਸ, ਤਾਂ ਕਰਨੇ ਹੀ ਪੈਣਗੇ। ਪਰ ਹਾਕਮ ਅਜਿਹਾ ਨਹੀਂ ਚਾਹੁੰਦੇ। ਉਹ ਚਾਹੁੰਦੇ ਹਨ ਕਿ ਲੋਕ ਸਾਰੀਆਂ ਧੱਕੇਸ਼ਾਹੀਆਂ ਚੁੱਪ-ਚਾਪ ਬਰਦਾਸ਼ਤ ਕਰਨ। ਜੇਕਰ ਇਹ ਕਨੂੰਨ ਲਾਗੂ ਹੋ ਜਾਂਦਾ ਹੈ ਤਾਂ ਧਰਨਾ, ਰੈਲੀ, ਮੁਜ਼ਾਹਰਾ, ਹੜਤਾਲ ਆਦਿ ਇੱਕ ਤਰ੍ਹਾਂ ਨਾਲ਼ ਗੈਰਕਨੂੰਨੀ ਹੋ ਜਾਵੇਗਾ।

ਜ਼ਾਬਰ ਕਾਲ਼ੇ ਕਨੂੰਨਾਂ ਤੋਂ ਬਿਨਾਂ ਸਰਮਾਏਦਾਰੀ ਪ੍ਰਬੰਧ ਦਾ ਲੁੱਟ ਦਾ ਰਾਜ ਕਾਇਮ ਰਹਿ ਹੀ ਨਹੀਂ ਸਕਦਾ। ਪਹਿਲਾਂ ਵੀ ਅਨੇਕਾਂ ਕਾਲ਼ੇ ਕਨੂੰਨਾਂ ਰਾਹੀਂ ਲੋਕ ਹੱਕਾਂ ਨੂੰ ਕੁਚਲਿਆ ਜਾਂਦਾ ਰਿਹਾ ਹੈ। ਹੁਣ ਜਦੋਂ ਸਰਮਾਏਦਾਰੀ ਪ੍ਰਬੰਧ ਨੇ ਲੋਕਾਂ ਦੀ ਹਾਲਤ ਬੇਹੱਦ ਬੁਰੀ ਬਣਾ ਦਿੱਤੀ ਹੈ ਅਤੇ ਚਾਰੇ ਪਾਸੇ ਵੱਡੇ ਪੱਧਰ ਉੱਤੇ ਰੋਹ ਫੈਲਿਆ ਹੈ ਤਾਂ ਸਰਮਾਏਦਾਰ ਹਾਕਮਾਂ ਨੂੰ ਨਵੇਂ-ਨਵੇਂ ਜ਼ਾਬਰ ਕਾਲ਼ੇ ਕਨੂੰਨਾਂ ਦੀ ਲੋੜ ਪੈ ਰਹੀ ਹੈ। ਸਰਮਾਏਦਾਰ ਹਾਕਮ ਇਹ ਖੁਸ਼ਫ਼ਹਿਮੀ ਰੱਖਦੇ ਹਨ ਕਿ ਉਹ ਲੋਕ ਅਵਾਜ਼ ਦਬਾ ਲੈਣਗੇ। ਇਤਿਹਾਸ ਗਵਾਹ ਹੈ ਕਿ ਕਾਲ਼ੇ ਕਨੂੰਨਾਂ ਨਾਲ਼, ਜੇਲ੍ਹਾਂ, ਲਾਠੀਆਂ, ਗੋਲ਼ੀਆਂ ਨਾਲ਼, ਜ਼ਬਰ-ਜੁਲਮ ਨਾਲ਼, ਲੋਕ ਅਵਾਜ਼ ਨੂੰ ਦਬਾ ਕੇ ਨਹੀਂ ਰੱਖਿਆ ਜਾ ਸਕਦਾ। ਲੋਕਾਂ ਨੇ ਇਤਿਹਾਸ ਵਿੱਚ ਖ਼ੂੰਖਾਰ ਰਾਜਿਆਂ, ਜਗੀਰਦਾਰਾਂ ਦੇ ਲੋਹ-ਕਿਲਿਆਂ ਨੂੰ ਮਿੱਟੀ 'ਚ ਮਿਲਾਇਆ ਹੈ। ਅੰਗਰੇਜ਼ ਬਸਤੀਵਾਦੀਆਂ ਦਾ ਕਦੇ ਨਾ ਡੁੱਬਣ ਵਾਲ਼ਾ ਸੂਰਜ ਡੁਬੋਇਆ ਹੈ। ਇਤਿਹਾਸ ਗਵਾਹ ਹੈ ਕਿ ਲੋਕ ਲੁਟੇਰੇ-ਜ਼ਾਬਰ ਹਾਕਮਾਂ ਦੇ ਅਜਿੱਤ ਜਾਪਦੇ ਲੋਹ-ਕਿਲਿਆਂ ਨੂੰ ਡੇਗਣ ਦਾ ਦਮ ਰੱਖਦੇ ਹਨ। ਕਾਲ਼ੇ ਕਨੂੰਨ ਲੋਕਾਂ ਦੇ ਹੱਕਾਂ ਲਈ ਸੰਘਰਸ਼ ਦਾ ਰਾਹ ਕੁੱਝ ਔਖਾ ਜ਼ਰੂਰ ਬਣਾ ਸਕਦੇ ਹਨ ਪਰ ਰੋਕ ਨਹੀਂ ਸਕਦੇ। ਪੰਜਾਬ ਦੇ ਜਮਹੂਰੀਅਤ ਪਸੰਦ-ਇਨਸਾਫ਼ਪਸੰਦ ਮਜ਼ਦੂਰ, ਕਿਰਤੀ, ਨੌਜਵਾਨ, ਵਿਦਿਆਰਥੀ ਤੇ ਬੁੱਧੀਜੀਵੀ ਹਾਕਮਾਂ ਦੀ ਖੁਸ਼ਫ਼ਹਿਮੀ ਯਕੀਨਨ ਦੂਰ ਕਰਨਗੇ। ਜੇਕਰ ਇਹ ਕਨੂੰਨ ਲਾਗੂ ਹੋ ਵੀ ਜਾਂਦਾ ਹੈ ਤਾਂ ਵੀ ਯਕੀਨੀ ਤੌਰ 'ਤੇ ਪੰਜਾਬ ਦੇ ਜੁਝਾਰ ਲੋਕ ਇਹ ਕਨੂੰਨ ਆਪਣੇ ਪੈਰਾਂ ਹੇਠ ਦਰੜਨਗੇ।

ਇਹ ਕਨੂੰਨ ਲੋਕਾਂ ਦੇ ਹੱਕ, ਸੱਚ, ਇਨਸਾਫ਼ ਲਈ ਅਵਾਜ਼ ਉਠਾਉਣ, ਇਕਮੁੱਠ ਹੋਣ ਅਤੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਉੱਤੇ ਇੱਕ ਬਰਬਰ ਫਾਸੀਵਾਦੀ ਹਮਲਾ ਹੈ। ਪੰਜਾਬ ਸਰਕਾਰ ਤਾਂ ਜ਼ਾਲਮ ਅੰਗਰੇਜ਼ ਹਾਕਮਾਂ ਦੇ ਜ਼ਬਰ-ਜੁਲਮ ਨੂੰ ਵੀ ਮਾਤ ਦੇ ਰਹੀ ਹੈ। ਪਰ ਅਸੀਂ ਆਪਣੇ ਜਮਹੂਰੀ ਹੱਕਾਂ 'ਤੇ ਇਹ ਬਰਬਰ ਹਮਲਾ, ਹਾਕਮਾਂ ਦੇ ਜ਼ਬਰ-ਜੁਲਮ ਸਹਿਣ ਨਹੀਂ ਕਰਾਂਗੇ। ਪੰਜਾਬ ਸਰਕਾਰ ਨੇ ਸੰਨ 2010 ਵਿੱਚ ਵੀ ਅਜਿਹੇ ਹੀ ਦੋ ਕਾਲ਼ੇ ਕਨੂੰਨ ਬਣਾਏ ਸਨ। ਉਸ ਸਮੇਂ ਮਜ਼ਦੂਰਾਂ-ਕਿਸਾਨਾਂ ਅਤੇ ਹੋਰ ਕਿਰਤੀਆਂ ਦੇ ਸਾਂਝੇ ਘੋਲ਼ ਦੇ ਦਬਾਅ ਹੇਠ ਸਰਕਾਰ ਨੂੰ ਦੋਨੋਂ ਕਾਲ਼ੇ ਕਨੂੰਨ ਵਾਪਿਸ ਲੈਣੇ ਪਏ ਸਨ। ਜੇਕਰ ਲੋਕ ਇਕਮੁੱਠ ਹੋ ਜਾਣ ਤਾਂ ਨਵਾਂ ਕਾਲ਼ਾ ਕਨੂੰਨ ਰੱਦ ਕਰਨ ਲਈ ਵੀ ਸਰਕਾਰ ਨੂੰ ਮਜ਼ਬੂਰ ਕੀਤਾ ਜਾ ਸਕਦਾ ਹੈ। ਇਹ ਕਨੂੰਨ ਲਾਗੂ ਹੋਣ ਤੋਂ ਰੋਕਣ ਲਈ ਇੱਕ ਵੱਡੀ ਜੁਝਾਰੂ ਲੋਕ ਲਹਿਰ ਖੜੀ ਕਰਨੀ ਹੋਵੇਗੀ। ਹਾਕਮਾਂ ਨੂੰ ਦੱਸ ਦੇਣਾ ਹੋਵੇਗਾ ਕਿ ਅਸੀਂ ਇਹ ਕਨੂੰਨ ਲਾਗੂ ਨਹੀਂ ਹੋਣ ਦੇਵਾਂਗੇ, ਕਿ ਅਸੀਂ ਸਰਕਾਰ ਨੂੰ ਉਸਦੇ ਨਾਪਾਕ ਇਰਾਦਿਆਂ ਵਿੱਚ ਕਾਮਯਾਬ ਨਹੀਂ ਹੋਣ ਦਿਆਂਗੇ।

ਮਜ਼ਦੂਰ, ਕਿਸਾਨਾਂ, ਨੌਜਵਾਨਾਂ, ਵਿਦਿਆਰਥੀਆਂ, ਅਧਿਆਪਕਾਂ, ਬਿਜਲੀ ਮੁਲਾਜਮਾਂ, ਔਰਤਾਂ ਆਦਿ ਤਬਕਿਆਂ/ਜਮਾਤਾਂ ਦੀਆਂ ਤਿੰਨ ਦਰਜਨ ਤੋਂ ਵੀ ਵੱਧ ਜਨਤਕ ਜੱਥੇਬੰਦੀਆਂ ਨੇ 'ਪੰਜਾਬ (ਜਨਤਕ ਅਤੇ ਨਿੱਜੀ ਜਾਇਦਾਦ ਨੁਕਸਾਨ ਰੋਕਥਾਮ) ਬਿਲ-2014' ਰੱਦ ਕਰਾਉਣ ਲਈ 'ਕਾਲ਼ੇ ਕਨੂੰਨ ਖਿਲਾਫ਼ ਸਾਂਝਾ ਮੋਰਚਾ' ਬਣਾਇਆ ਹੈ। 11 ਅਗਸਤ ਨੂੰ ਪੰਜਾਬ ਦੇ ਸਾਰੇ ਜਿਲਿਆਂ ਦੇ ਡੀ.ਸੀ. ਦਫਤਰਾਂ 'ਤੇ ਜ਼ੋਰਦਾਰ ਰੋਹ ਮੁਜ਼ਾਹਰੇ ਹੋ ਰਹੇ ਹਨ। ਸਾਰੇ, ਮਜ਼ਦੂਰਾਂ, ਕਿਰਤੀਆਂ, ਨੌਜਵਾਨਾਂ, ਵਿਦਿਆਰਥੀਆਂ ਨੂੰ ਸਾਡੀ ਇਹ ਜ਼ੋਰਦਾਰ ਅਪੀਲ ਹੈ ਕਿ ਇਸ ਰੋਹ ਮੁਜ਼ਾਹਰੇ ਵਿੱਚ ਜ਼ਰੂਰ ਪਹੁੰਚਣ। ਆਪਣੇ ਹੋਰਨਾਂ ਕੰਮਾਂ ਨੂੰ ਇੱਕ ਦਿਨ ਲਈ ਰੋਕ ਕੇ, ਹੜਤਾਲ ਕਰਕੇ, ਛੁੱਟੀ ਕਰਕੇ, ਜਿਵੇਂ ਵੀ ਹੋ ਸਕੇ, 11 ਅਗਸਤ ਨੂੰ ਰੋਹ ਮੁਜ਼ਾਹਰੇ ਵਿੱਚ ਪਹੁੰਚਣਾ ਹੈ। 11 ਅਗਸਤ ਨੂੰ ਪੰਜਾਬ ਸਰਕਾਰ ਦੇ ਬੋਲ਼ੇ ਕੰਨਾਂ ਦੇ ਪਰਦੇ ਸਾਨੂੰ ਆਪਣੇ ਅਕਾਸ਼ ਗੂੰਜਵੇਂ ਨਾਅਰਿਆਂ ਨਾਲ਼ ਖੋਲ੍ਹਣੇ ਹੀ ਪੈਣਗੇ।

**ਮਜ਼ਦੂਰ, ਕਿਸਾਨ, ਮੁਲਾਜ਼ਮ, ਵਿਦਿਆਰਥੀ, ਨੌਜਵਾਨ,**
**ਔਰਤ ਅਤੇ ਹੋਰ ਜਨਤਕ ਤੇ ਜਮਹੂਰੀ ਜੱਥੇਬੰਦੀਆਂ ਦਾ**
**'ਕਾਲ਼ੇ ਕਨੂੰਨ ਵਿਰੋਧੀ ਸਾਂਝਾ ਮੋਰਚਾ' ਜ਼ਿੰਦਾਬਾਦ !**



ਜਾਰੀ ਕਰਤਾ ਜੱਥੇਬੰਦੀਆਂ-

**ਨੌਜਵਾਨ ਭਾਰਤ ਸਭਾ**
**ਟੈਕਸਟਾਈਲ-ਹੌਜ਼ਰੀ ਕਾਮਗਾਰ ਯੂਨੀਅਨ,**
**ਕਾਰਖਾਨਾ ਮਜ਼ਦੂਰ ਯੂਨੀਅਨ**

**ਸੰਪਰਕ-**
**9888401288,**
**9888655663,**
**9646150249**